## ਅਧਿਕਾਰਤ ਕਮੇਟੀਆਂ

ਇਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਅਤੇ ਹੁੰਦੇ ਕੰਮ-ਕਾਜ ਦੀ ਪੁਣ-ਛਾਣ ਲਈ ਇਹ ਕਾਨੂੰਨ ਰਾਜ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਦੇ ਗਠਨ ਦੀ ਵਿਵਸਥਾ ਕਰਦਾ ਹੈ (ਧਾਰਾ 8-ਬੀ ਅਤੇ 8-ਸੀ)। ਰਾਜ ਪੱਧਰੀ ਕਮੇਟੀਆਂ ਦੀ ਇੱਕ ਜ਼ਿੰਮੇਵਾਰੀ ਜ਼ਿਲ੍ਹਾ ਪੱਧਰੀ ਕਮੇਟੀਆਂ ਨੂੰ ਲੋੜੀਂਦੇ 'ਨਿਰਦੇਸ਼' (ਸਲਾਹ ਮਸ਼ਵਰਾ ਜਾਂ ਪੱਥ ਪ੍ਰਦਰਸ਼ਨ ਨਹੀਂ) ਦੇਣਾ ਵੀ ਹੈ। ਥੋੜ੍ਹੀ ਜਿਹੀ ਬੁੱਧੀ ਦਾ ਪ੍ਰਯੋਗ ਕਰਕੇ, ਜੇ ਇਸ ਵਿਵਸਥਾ ਦੇ ਉਦੇਸ਼ ਨੂੰ ਘੋਖਿਆ ਜਾਵੇ ਤਾਂ ਆਸਾਨੀ ਨਾਲ ਇਹ ਸਮਝ ਆ ਜਾਵੇਗਾ ਕਿ ਕਮੇਟੀਆਂ ਦਾ ਗਠਨ ਕਰਨ ਦੀ ਵਿਵਸਥਾ ਲੋਕਾਂ ਦੀਆਂ ਅੱਖਾਂ ਪੂੰਝਣ ਅਤੇ ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਕੀਤੀ ਗਈ ਹੈ। ਰਾਜ ਪੱਧਰੀ ਕਮੇਟੀ ਵਿਚ ਕੁੱਲ 16 ਮੈਂਬਰ ਹਨ। ਇਹਨਾਂ ਵਿਚੋਂ ਇੱਕ ਮੰਤਰੀ ਅਤੇ ਛੇ ਆਪਣੇ-ਆਪਣੇ ਵਿਭਾਗਾਂ ਦੇ ਮੁਖੀ (ਮੁੱਖ ਮੰਤਰੀ ਦਾ ਮੀਡੀਆ ਸਲਾਹਕਾਰ, ਐਡਵੋਕੇਟ ਜਨਰਲ, ਸਕੂਲ ਸਿੱਖਿਆ ਵਿਭਾਗ ਦਾ ਸਕੱਤਰ, ਉੱਚ ਸਿੱਖਿਆ ਵਿਭਾਗ ਦਾ ਸਕੱਤਰ, ਕਾਨੂੰਨੀ ਮਸ਼ੀਰ ਅਤੇ ਡਾਇਰੈਕਟਰ ਭਾਸ਼ਾ ਵਿਭਾਗ) ਹਨ। ਤਿੰਨ 'ਪੱਤਰਕਾਰ, ਚਾਰ 'ਲੋਕ ਨੁਮਾਇੰਦੇ' ਅਤੇ ਦੋ (ਕੇਵਲ) ਮੈਂਬਰ 'ਲੇਖਕ ਸਭਾਵਾਂ ਦੇ ਪ੍ਰਤੀਨਿਧ' ਹਨ। ਕਮੇਟੀ ਦੀ ਛੇ ਮਹੀਨੇ ਵਿਚ ਇੱਕ ਮੀਟਿੰਗ ਹੋਣੀ ਹੈ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਕਮੇਟੀ ਦੇ 13 ਮੈਂਬਰ ਹਨ। ਇਸ ਕਮੇਟੀ ਦਾ ਚੇਅਰਮੈਨ ਜ਼ਿਲ੍ਹੇ ਨਾਲ ਸਬੰਧਤ ਮੰਤਰੀ ਜਾਂ ਐਮ.ਐਲ.ਏ. ਹੈ। ਜ਼ਿਲ੍ਹਾ ਦਫ਼ਤਰਾਂ ਦੇ ਪੰਜ ਮੁਖੀ (ਡਿਪਟੀ ਕਮਿਸ਼ਨਰ, ਜ਼ਿਲ੍ਹਾ ਸਿੱਖਿਆ ਅਫ਼ਸਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਜ਼ਿਲ੍ਹਾ ਅਟਾਰਨੀ), ਤਿੰਨ ਪੱਤਰਕਾਰ, ਦੋ ਲੋਕ ਨੁਮਾਇੰਦੇ ਅਤੇ ਦੋ (ਕੇਵਲ) ਸਾਹਿਤਕਾਰ ਇਸ ਦੇ ਮੈਂਬਰ ਹਨ। ਜ਼ਿਲ੍ਹਾ ਕਮੇਟੀ ਦੀ ਦੋ ਮਹੀਨੇ ਵਿਚ ਇੱਕ ਮੀਟਿੰਗ ਹੁੰਦੀ ਹੈ। ਕਮੇਟੀਆਂ ਦਾ ਗਠਨ ਕੇਵਲ ਇੱਕ ਸਾਲ ਲਈ ਹੁੰਦਾ ਹੈ।

ਕਮੇਟੀਆਂ ਵਿਚ ਅਫ਼ਸਰਸ਼ਾਹੀ ਅਤੇ ਸਿਆਸੀ ਨੁਮਾਇੰਦਿਆਂ ਦਾ ਬੋਲ-ਬਾਲਾ ਹੋਣ ਕਾਰਨ ਅਤੇ ਮੀਟਿੰਗਾਂ ਵਿਚਲਾ ਵਕਫ਼ਾ ਲੰਬਾ ਹੋਣ ਕਾਰਨ, ਕਮੇਟੀਆਂ ਆਪਣੇ ਫ਼ਰਜ਼ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਭਾ ਸਕਦੀਆਂ।

ਕਮੇਟੀਆਂ ਦੇ ਕੰਮ ਨੂੰ ਅਰਥ ਭਰਪੂਰ ਬਣਾਉਣ ਲਈ ਇਹਨਾਂ ਦਾ ਆਕਾਰ ਛੋਟਾ ਕਰਕੇ, ਪੰਜ ਜਾਂ ਸੱਤ ਮੈਂਬਰੀ ਕੀਤਾ ਜਾਵੇ। ਮੈਂਬਰ ਸਿਆਸੀ ਰਸੂਖ ਰੱਖਣ ਵਾਲੇ ਨਾ ਹੋ ਕੇ ਭਾਸ਼ਾ ਤਕਨਾਲੋਜੀ ਦੇ ਮਾਹਿਰ, ਭਾਸ਼ਾ ਵਿਗਿਆਨੀ ਅਤੇ ਲੰਬਾ ਪ੍ਰਬੰਧਕੀ ਤਜ਼ਰਬਾ ਰੱਖਣ ਵਾਲੇ ਲੇਖਕ (ਚਿੰਤਕ) ਹੋਣ। ਕਮੇਟੀਆਂ ਦੇ ਚੇਅਰਮੈਨ ਕੁੱਲ-ਵਕਤੀ ਅਤੇ ਭਾਸ਼ਾ ਵਿਗਿਆਨੀਆਂ ਜਾਂ ਲੇਖਕਾਂ ਵਿਚੋਂ ਲਾਏ ਜਾਣ। ਕਮੇਟੀਆਂ ਦੀਆਂ ਮੀਟਿੰਗਾਂ ਲਗਾਤਾਰ ਹੋਣ। ਇਹਨਾਂ ਦੇ ਅਧਿਕਾਰ ਖੇਤਰ ਨੂੰ ਵਧਾਇਆ ਜਾਵੇ। ਇਹ ਕੇਵਲ ਪੜਤਾਲਾਂ ਕਰਨ ਜਾਂ ਮੁਲਾਜ਼ਮਾਂ 'ਤੇ ਡੰਡਾ ਚਲਾਉਣ ਵਾਲੀਆਂ ਨਾ ਹੋ ਕੇ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਨਿਰੰਤਰ ਵਿਕਾਸ ਲਈ ਸੁਝਾਅ ਦੇਣ ਵਾਲੀਆਂ ਅਤੇ ਪੰਜਾਬੀ ਨੂੰ ਲਾਗੂ ਕਰਨ ਵਾਲੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ, ਉਹਨਾਂ ਨੂੰ ਸੁਲਝਾਉਣ ਵਾਲੀਆਂ ਹੋਣ। ਇਹਨਾਂ ਕਮੇਟੀਆਂ ਨੂੰ ਘੱਟੋ-ਘੱਟ ਪੰਜ ਸਾਲ ਕੰਮ ਕਰਨ ਦਾ ਮੌਕਾ ਦਿੱਤਾ ਜਾਵੇ।

ਵੱਡਾ ਦੁਖਾਂਤ ਇਹ ਹੈ ਕਿ ਇਹਨਾਂ ਕਮੇਟੀਆਂ ਨੂੰ ਵੀ ਭੰਗ ਹੋਇਆਂ ਛੇ ਸਾਲ ਹੋ ਗਏ ਹਨ। ਨੇੜਲੇ ਭਵਿੱਖ ਵਿਚ ਨਵੀਆਂ ਦੇ ਗਠਿਤ ਹੋਣ ਦੀ ਸੰਭਾਵਨਾ ਵੀ ਨਜ਼ਰ ਨਹੀਂ ਆਉਂਦੀ।